**ਪੰਜਾਬ ਸਕੂਲ ਸਿੱਖਿਆ ਬੋਰਡ**
**ਸਾਹਿਬਜ਼ਾਦਾ ਅਜੀਤ ਸਿੰਘ ਨਗਰ-160062**
**(ਕਾਰਜ਼ ਸੰਚਾਲਨ)**

**ਨੰ:ਪਸਸਬ-ਸ.ਸ-ਕਸ-2026/**......23
**ਮਿਤੀ:** 07/1/26

ਵੱਲ:

1. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ),
2. ਸਮੂਹ ਜਿਲ੍ਹਾ ਮੈਨੇਜਰ,ਖੇਤਰੀ ਦਫਤਰ,
3. ਸਮੂਹ ਪ੍ਰਿੰਸੀਪਲ/ਮੁੱਖ ਅਧਿਆਪਕਾ/ਮੁੱਖ ਅਧਿਆਪਕ,
ਪੰਜਾਬ ਰਾਜ।

**ਅੱਠਵੀਂ ,ਦਸਵੀਂ ਅਤੇ ਬਾਰਵੀਂ ਪਰੀਖਿਆਵਾਂ ਫਰਵਰੀ/ਮਾਰਚ 2026 ਲਈ ਪ੍ਰਯੋਗੀ ਪਰੀਖਿਆਵਾਂ ਪੂਰੇ ਵਿਸ਼ਿਆਂ (ਸਮੇਤ ਓਪਨ ਸਕੂਲ) ਅਧੀਨ ਕੰਪਾਰਟਮੈਂਟ/ ਰੀ-ਅਪੀਅਰ, ਵਾਧੂ ਵਿਸ਼ਾ ਅਤੇ ਦਰਜਾ/ਕਾਰਗੁਜਾਰੀ ਵਧਾਉਣ ਵਾਲੇ ਪਰੀਖਿਆਰਥੀਆਂ ਲਈ ਪਰੀਖਿਆਵਾਂ ਦੇ ਸੰਚਾਲਨ ਸਬੰਧੀ।**

..........................................................................................

**ਵਿਸ਼ੇ ਅਧੀਨ ਪ੍ਰਯੋਗੀ ਪਰੀਖਿਆਵਾਂ ਮਿਤੀ 02-02-2026 ਤੋਂ ਮਿਤੀ 12-02-2026 ਤੱਕ ਕਰਵਾਈਆਂ ਜਾ ਰਹੀਆਂ ਹਨ। ਮਿਤੀ 24-12-2025 ਨੂੰ ਜਾਰੀ ਹਦਾਇਤਾਂ ਦੀ ਲਗਾਤਾਰਤਾ ਵਿੱਚ ਪ੍ਰਯੋਗੀ ਪਰੀਖਿਆਵਾਂ ਦਾ ਸੰਚਾਨਲ ਹੇਠ ਲਿਖੇ ਅਨੁਸਾਰ ਕਰਵਾਉਣ ਸਬੰਧੀ ਲਿਖਿਆ ਜਾਂਦਾ ਹੈ :-**

1. ਦਸਵੀਂ ਅਤੇ ਬਾਰਵੀਂ ਸ਼੍ਰੇਣੀ ਦੀਆਂ ਪ੍ਰਯੋਗੀ ਪ੍ਰੀਖਿਆਵਾਂ ਮਿਤੀ 02-02-2026 ਤੋਂ ਮਿਤੀ 12-02-2026 ਤੱਕ ਕਰਵਾਈਆਂ ਜਾ ਰਹੀਆਂ ਹਨ। **ਇਹਨਾਂ ਮਿਤੀਆਂ ਦੌਰਾਨ ਹੀ ਅੱਠਵੀਂ ਸ਼੍ਰੇਣੀ ਦੀਆਂ ਪ੍ਰਯੋਗੀ ਪਰੀਖਿਆਵਾਂ ਵੀ ਸਕੂਲ ਪੱਧਰ ਤੇ ਕਰਵਾਈਆਂ ਜਾਣੀਆਂ ਹਨ।**
2. ਬੋਰਡ ਦਫਤਰ ਵੱਲੋਂ ਬਾਰਵੀਂ ਸ਼੍ਰੇਣੀ ਦੇ ਫਿਜੀਕਸ, ਕਮਿਸਟਰੀ, ਬਾਇਉਲੋਜੀ, ਅਕਾਉਂਟੈਂਸੀ-2, ਫੰਡਾਮੈਂਟਲਜ਼ ਆਫ ਈ-ਬਿਜ਼ਨਸ ,ਹੋਮ ਸਾਇੰਸ ਅਤੇ ਕੰਪਿਊਟਰ ਐਪਲੀਕੇਸ਼ਨ ਵਿਸ਼ਿਆਂ ਦੀ ਪ੍ਰਯੋਗੀ ਪਰੀਖਿਆ ਦੇ ਨਾਲ ਨਾਲ, **ਬੋਰਡ ਦਫਤਰ ਵੱਲੋਂ ਲਏ ਗਏ ਫੈਸਲੇ ਅਨੁਸਾਰ ਇਸ ਸਾਲ 2025-2026 ਤੋਂ ਕੰਪਿਊਟਰ ਸਾਇੰਸ ਦੇ ਵਿਸ਼ੇ ਦੀ ਪ੍ਰਯੋਗੀ ਪਰੀਖਿਆ ਵੀ ਐਕਸਟਰਨਲ ਪਰੀਖਿਅਕਾਂ ਵੱਲੋਂ ਸਬੰਧਤ ਵਿਦਿਆਰਥੀਆਂ ਦੇ Self ਸੈਂਟਰਾਂ ਵਿੱਚ ਹੀ ਕਰਵਾਈ ਜਾਵੇਗੀ ।** ਇਹਨਾਂ ਵਿਸ਼ਿਆਂ ਦੇ ਪ੍ਰਸ਼ਨ ਪੱਤਰ ਆਨ ਲਾਈਨ ਵਿਧੀ ਰਾਹੀ ਡੇਟ ਸ਼ੀਟ ਵਿੱਚ ਦਰਜ ਮਿਤੀਆਂ ਅਨੁਸਾਰ ਸਕੂਲ ਲਾਗਇੰਨ ਤੇ ਭੇਜੇ ਜਾਣਗੇ। ਕੇਵਲ ਇਹਨਾਂ ਵਿਸ਼ਿਆਂ ਦੀ ਪਰੀਖਿਆ ਕਰਵਾਉਣ ਲਈ ਉੱਤਰ ਪੱਤਰੀਆਂ ਖੇਤਰੀ ਦਫ਼ਤਰ ਤੋਂ ਪ੍ਰਾਪਤ ਕਰ ਲਈਆਂ ਜਾਣ। ਬਾਕੀ ਰਹਿੰਦੇ ਵਿਸ਼ਿਆਂ ਦੀ ਪ੍ਰਯੋਗੀ ਪਰੀਖਿਆ ਸਕੂਲ ਪੱਧਰ ਤੇ ਹੀ ਸਬੰਧਤ ਵਿਸ਼ਿਆਂ ਨੂੰ ਪੜ੍ਹਾਉਣ ਵਾਲੇ ਅਧਿਆਪਕਾਂ ਵੱਲੋਂ ਪ੍ਰਸ਼ਨ ਪੱਤਰ ਤਿਆਰ ਕਰਕੇ ਕਰਵਾਈ ਜਾਵੇਗੀ।
3. ਬਾਰਵੀਂ ਸ਼੍ਰੇਣੀ ਦੇ ਕੰਪਿਊਟਰ ਸਾਇੰਸ ਵਿਸ਼ੇ ਲਈ Practical Examiner ਦੀਆਂ ਡਿਊਟੀਆਂ ਜਿਲਾ ਸਿੱਖਿਆ ਅਫਸਰ ਆਪਣੇ ਪੱਧਰ ਤੇ ਸਰਕਾਰੀ ਅਤੇ ਪ੍ਰਾਈਵੇਟ ਸਕੂਲਾਂ ਦੇ ਕੰਪਿਊਟਰ ਵਿਸ਼ੇ ਨਾਲ ਸਬੰਧਤ ਲੈਕਚਰਾਰ /ਅਧਿਆਪਕਾਂ ਨੂੰ ਇੰਟਰਚੇਂਜ ਕਰਦੇ ਹੋਏ ਦੂਸਰੇ ਸਕੂਲਾਂ ਵਿੱਚ ਲਗਾਉਣਗੇ।
4. ਬਾਰਵੀਂ ਸ਼੍ਰੇਣੀ ਦੀਆਂ ਸਾਲਾਨਾ ਪ੍ਰਯੋਗੀ ਪ੍ਰੀਖਿਆਵਾਂ ਦੌਰਾਨ ਮੁੱਖ ਦਫਤਰ ਵੱਲੋਂ ਲਗਾਏ ਗਏ ਨਿਗਰਾਨ ਅਮਲੇ ਨੂੰ ਹੀਂ ਦਫਤਰੀ ਨਿਯਮਾਂ ਅਨੁਸਾਰ ਬਣਦੇ ਮਿਹਨਤਾਨੇ ਦੀ ਅਦਾਇਗੀ ਕੀਤੀ ਜਾਵੇਗੀ।
5. **ਦਸਵੀਂ ਸ਼੍ਰੇਣੀ ਦੀ ਕੰਪਿਊਟਰ ਸਾਇੰਸ ਵਿਸ਼ੇ ਦੀ ਪ੍ਰਯੋਗੀ ਪਰੀਖਿਆ ਸਕੂਲ ਪੱਧਰ ਤੇ ਹੀ ਪ੍ਰੀਖਿਅਕ ਵੱਲੋਂ ਪ੍ਰਸ਼ਨ ਪੱਤਰ ਤਿਆਰ ਕਰਕੇ ਕਰਵਾਈ ਜਾਣੀ ਹੈ। ਪ੍ਰਯੋਗੀ ਪਰੀਖਿਆ ਸਮੇਂ ਸਬੰਧਤ ਪ੍ਰੀਖਿਅਕ ਆਪਣੇ ਮੋਬਾਇਲ ਤੇ ਪ੍ਰਯੋਗੀ ਪਰੀਖਿਆ ਦੀਆਂ ਛੋਟੀਆਂ-ਛੋਟੀਆਂ ਵੀਡਿਓ ਕਲਿਪਾਂ ਬਣਾ ਕੇ ਆਪਣੇ ਕੋਲ ਸੁਰੱਖਿਅਤ ਰੱਖਣਗੇ ਤਾਂ ਜੋ ਲੋੜ ਪੈਣ ਤੇ ਵੀਡਿਓ ਕਲਿਪਾਂ ਬੋਰਡ ਦਫਤਰ ਵਿਖੇ ਮੰਗਵਾਈਆਂ ਜਾ ਸਕਣ।**
6. ਬਾਕੀ ਹਦਾਇਤਾਂ ਮਿਤੀ 24-12-2025 ਰਾਹੀਂ ਜਾਰੀ ਪੱਤਰ ਅਨੁਸਾਰ ਹੀ ਰਹਿਣਗੀਆਂ।

**ਜਰੂਰਤ ਪੈਣ ਤੇ ਹੇਠ ਲਿਖੇ ਫੋਨ ਨੰਬਰਾਂ ਤੇ ਸੰਪਰਕ ਕੀਤਾ ਜਾਵੇ:-**

1. ਉਪ ਸਕੱਤਰ(ਕਾਰਜ ਸੰਚਾਲਨ): 0172-5227324
2. ਸਹਾਇਕ ਸਕੱਤਰ (ਕਾਰਜ ਸੰਚਾਲਨ): 0172-5227334
3. ਸੁਪਰਡੰਟ (CS-2): 0172-5227303 / 94638-89199
4. ਸੁਪਰਡੰਟ (CS-3): 0172-5227340 / 8699520045
5. ਸੁਪਰਡੰਟ (CS-4): 0172-5227339 / 98143-40101
6. Technical Wing: 84279-50212

**ਪ੍ਰਯੋਗੀ ਪਰੀਖਿਆ ਸਬੰਧੀ ਹਸਤਾਖਰ ਚਾਰਟ ,ਰੋਲ ਨੰਬਰ ਅਤੇ ਹੋਰ ਕਿਸੇ ਕਿਸਮ ਦੀ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ ਤੇ ਸੰਪਰਕ ਕੀਤਾ ਜਾਵੇ:-**

7. ਸਹਾਇਕ ਸਕੱਤਰ (ਬਾਰ੍ਹਵੀਂ) 0172-5227305,319
8. ਸਹਾਇਕ ਸਕੱਤਰ(ਦਸਵੀਂ) 0172-5227284,290

**ਈ-ਮੇਲ ਆਈ .ਡੀ conductpseb@gmail.com**

7/1/26
ਸਹਾਇਕ ਸਕੱਤਰ (ਕਾਰਜ ਸੰਚਾਲਨ)
ਪੰਜਾਬ ਸਕੂਲ ਸਿੱਖਿਆ ਬੋਰਡ